



Australian Government

National Autism Strategy

Help shape the change.

# 2025-2031 ਲਈ ਰਾਸ਼ਟਰੀ ਔਟਿਜ਼ਮ ਰਣਨੀਤੀ - ਸਰਲ ਝਲਕ

## ਸੁਪਨਾ

ਰਾਸ਼ਟਰੀ ਔਟਿਜ਼ਮ ਰਣਨੀਤੀ ਦਾ ਸੁਪਨਾ ਇੱਕ ਸੁਰੱਖਿਅਤ ਅਤੇ ਸ਼ਮੂਲੀਅਤ ਭਰਿਆ ਸਮਾਜ ਸਿਰਜਣ ਲਈ ਹੈ, ਜਿੱਥੇ ਸਾਰੇ ਔਟਿਜ਼ਮ ਵਾਲੇ ਲੋਕਾਂ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਅਨੁਸਾਰ, ਜੀਵਨ ਦੇ ਸਾਰੇ ਪਹਿਲੂਆਂ ਵਿੱਚ ਪ੍ਰਫੁੱਲਤ ਕਰਨ ਲਈ ਸਮਰਥਨ ਅਤੇ ਸ਼ਕਤੀ ਦਿੱਤੀ ਜਾਂਦੀ ਹੈ।

## ਟੀਚਾ

ਰਾਸ਼ਟਰੀ ਔਟਿਜ਼ਮ ਰਣਨੀਤੀ ਦਾ ਟੀਚਾ ਸਾਰੇ ਔਟਿਜ਼ਮ ਵਾਲੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਨੂੰ ਇਸ ਤਰੀਕੇ ਨਾਲ ਬਿਹਤਰ ਬਣਾਉਣਾ ਹੈ ਜੋ ਉਹਨਾਂ ਲਈ ਸਾਰਥਕ ਹੋਵੇ।

## ਮਾਰਗਦਰਸ਼ਕ ਸਿਧਾਂਤ

- ਭਾਈਵਾਲੀ ਵਿੱਚ – ਸਾਡੇ ਬਿਨਾਂ, ਸਾਡੇ ਬਾਰੇ ਕੁੱਝ ਵੀ ਨਹੀਂ।
- ਯੂਨੀਵਰਸਲ ਡਿਜ਼ਾਈਨ 'ਤੇ ਆਧਾਰਿਤ ਪਹੁੰਚਯੋਗ
- ਸਵੈ-ਨਿਰਣੇ ਅਤੇ ਖੁਦਮੁਖਤਿਆਰੀ
- ਇਕਸਾਰਤਾ ਅਤੇ ਜਵਾਬਦੇਹ ਨਤੀਜੇ
- ਸਵੀਕ੍ਰਿਤੀ ਅਤੇ ਸ਼ਮੂਲੀਅਤ
- ਸੁਰੱਖਿਆ ਅਤੇ ਅਧਿਕਾਰ
- ਨਿਊਰੋਡਾਇਵਰਸਿਟੀ - ਪੁਸ਼ਟੀਕਰਨ, ਵਿਅਕਤੀਗਤ ਅਤੇ ਸੰਪੂਰਨ

## ਮੱਦਦ ਅਤੇ ਸਹਾਇਤਾ

ਔਟਿਜ਼ਮ ਕਨੈਕਟ ਇੱਕ ਮੁਫ਼ਤ, ਰਾਸ਼ਟਰੀ ਹੈਲਪਲਾਈਨ ਹੈ, ਜੋ ਤੁਹਾਨੂੰ ਫ਼ੋਨ, ਈਮੇਲ ਅਤੇ ਵੈਬਚੈਟ 'ਤੇ ਸੁਤੰਤਰ ਅਤੇ ਮਾਹਰ ਔਟਿਜ਼ਮ ਜਾਣਕਾਰੀ ਪ੍ਰਦਾਨ ਕਰਦੀ ਹੈ ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ। ਔਟਿਜ਼ਮ ਕਨੈਕਟ ਸਲਾਹਕਾਰ ਨਾਲ ਗੱਲ ਕਰਨ ਲਈ 1300 308 699 'ਤੇ ਫ਼ੋਨ ਕਰੋ ਜਾਂ amaze.org.au/autismconnect/ 'ਤੇ ਜਾਓ।

## ਮੁੱਖ ਨਤੀਜੇ

### ਸਮਾਜਿਕ ਸ਼ਮੂਲੀਅਤ:

- ਔਟਿਜ਼ਮ ਵਾਲੇ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਰਹੀ ਹੈ।
- ਔਟਿਜ਼ਮ ਵਾਲੇ ਲੋਕਾਂ ਦੁਆਰਾ ਅਨੁਭਵ ਕੀਤੇ ਨੁਕਸਾਨ ਨੂੰ ਘੱਟ ਕੀਤਾ ਗਿਆ ਹੈ।
- ਆਮ ਭਾਈਚਾਰੇ ਵਿੱਚ ਔਟਿਜ਼ਮ ਜਾਗਰੂਕਤਾ ਅਤੇ ਸਵੀਕ੍ਰਿਤੀ ਵਿੱਚ ਵਾਧਾ।
- ਔਟਿਜ਼ਮ ਵਾਲੇ ਲੋਕਾਂ ਦੀ ਸਮਾਜ ਵਿੱਚ ਹੋਰ ਸ਼ਮੂਲੀਅਤ ਕਰਨਾ।
- ਸਹਿਯੋਗ ਤੇ ਸੇਵਾਵਾਂ ਵਿੱਚ ਵਾਧਾ ਜੋ ਇਹ ਸਿਸਟਮ ਉਪਲਬਧ ਕਰਵਾਉਣ ਲਈ ਹੈ।



### ਆਰਥਿਕ ਸ਼ਮੂਲੀਅਤ:

- ਔਟਿਜ਼ਮ ਵਾਲੇ ਲੋਕਾਂ ਲਈ ਸਿੱਖਿਆ ਦੇ ਮੌਕਿਆਂ ਅਤੇ ਨਤੀਜਿਆਂ ਵਿੱਚ ਸੁਧਾਰ ਕੀਤਾ ਗਿਆ ਹੈ, ਅਤੇ ਸਿੱਖਿਆ ਖੇਤਰ ਵਿੱਚ ਵਧੇਰੇ ਔਟਿਜ਼ਮ ਜਾਗਰੂਕਤਾ ਅਤੇ ਜਵਾਬਦੇਹੀ ਵਿੱਚ ਵਾਧਾ।
- ਔਟਿਸਟਿਕ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਨਤੀਜਿਆਂ ਵਿੱਚ ਸੁਧਾਰ ਕੀਤਾ ਗਿਆ ਹੈ, ਅਤੇ ਰੁਜ਼ਗਾਰਦਾਤਾਵਾਂ, ਕੰਮ ਦੇ ਸਥਾਨਾਂ ਅਤੇ ਰੁਜ਼ਗਾਰ ਸੇਵਾਵਾਂ ਵਿੱਚ ਵਧੇਰੇ ਔਟਿਜ਼ਮ ਜਾਗਰੂਕਤਾ ਅਤੇ ਜਵਾਬਦੇਹੀ ਵਿੱਚ ਵਾਧਾ।

### ਜਾਂਚ, ਸੇਵਾਵਾਂ ਅਤੇ ਸਹਾਇਤਾਵਾਂ:

- ਜਲਦੀ ਰੋਗ-ਜਾਂਚ ਹੋਣ ਸਮੇਤ, ਰੋਗ-ਜਾਂਚ ਅਤੇ ਨਿਰਧਾਰਣ ਬਾਰੇ ਜਾਗਰੂਕਤਾ ਵਿੱਚ ਸੁਧਾਰ ਅਤੇ ਆਦਰਯੋਗ ਮੁਲਾਂਕਣ।
- ਮੁਲਾਂਕਣ ਅਤੇ ਰੋਗ-ਜਾਂਚ ਪ੍ਰਕਿਰਿਆ ਨੂੰ ਨੈਵੀਗੇਟ ਕਰਨ ਲਈ ਬਿਹਤਰ ਜਾਣਕਾਰੀ ਅਤੇ ਸਹਾਇਤਾ।
- ਸਮੇਂ ਸਿਰ, ਬਰਾਬਰੀ ਅਤੇ ਨਿਊਰੋਡਾਇਵਰਸਿਟੀ-ਪੁਸ਼ਟੀ ਕਰਨ ਵਾਲੀਆਂ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਵਿੱਚ ਵਾਧਾ।

## ਕਾਰਵਾਈਆਂ ਨੂੰ ਸਮਰੱਥ ਕਰਨਾ

### ਪ੍ਰਬੰਧਨ, ਖੋਜ, ਸਬੂਤ, ਮੁਲਾਂਕਣ ਅਤੇ ਰਿਪੋਰਟਿੰਗ:

**ਪ੍ਰਬੰਧਨ:**
ਰਣਨੀਤੀ ਅਤੇ ਕਾਰਵਾਈਆਂ ਦਾ ਔਟਿਜ਼ਮ ਵਾਲੇ ਲੋਕਾਂ, ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ, ਪੇਸ਼ੇਵਰਾਂ, ਸਰਕਾਰੀ ਨੁਮਾਇੰਦਿਆਂ ਅਤੇ ਖੋਜਕਰਤਾਵਾਂ ਦੇ ਯੋਗਦਾਨ ਨਾਲ ਮਾਰਗਦਰਸ਼ਨ ਕੀਤਾ ਜਾਂਦਾ ਹੈ।

**ਖੋਜ-ਸੰਚਾਲਿਤ ਨੀਤੀ:**
ਮੌਜੂਦਾ ਸਬੂਤਾਂ 'ਤੇ ਆਧਾਰਿਤ ਨੀਤੀਆਂ ਬਣਾਉਣਾ, ਜੋ ਔਟਿਜ਼ਮ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਨੂੰ ਸ਼ਾਮਿਲ ਕਰਦੀਆਂ ਹੋਣ।

**ਨਿਗਰਾਨੀ ਅਤੇ ਰਿਪੋਰਟਿੰਗ:**
ਰਣਨੀਤੀ ਲਾਗੂ ਕਰਨ ਦੀ ਪ੍ਰਗਤੀ ਦੀ ਨਿਗਰਾਨੀ ਕਰੋ ਅਤੇ ਰਣਨੀਤੀ ਦੇ ਅਧੀਨ ਕਾਰਵਾਈਆਂ ਦੇ ਪ੍ਰਭਾਵ ਬਾਰੇ ਜਨਤਕ ਤੌਰ 'ਤੇ ਰਿਪੋਰਟ ਕਰੋ।

---

ਔਟਿਜ਼ਮ ਲੋਕਾਂ ਦੀ ਸਿਹਤ ਅਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਲਈ ਨਤੀਜੇ ਅਤੇ ਕਾਰਵਾਈਆਂ **ਔਟਿਜ਼ਮ ਹੈਲਥ ਰੋਡਮੈਪ** ਦੁਆਰਾ ਵਿਕਸਤ ਕੀਤੀਆਂ ਜਾ ਰਹੀਆਂ ਹਨ ਜਿਸ ਦੀ ਅਗਵਾਈ ਡਿਪਾਰਟਮੈਂਟ ਆਫ਼ ਹੈਲਥ ਐਂਡ ਏਜਡ ਕੇਅਰ ਦੁਆਰਾ ਕੀਤੀ ਜਾ ਰਹੀ ਹੈ।